# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 07-06-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਆਫ਼ਤਾਂ ਸਮੇਂ ਲਚਕੀਲੇ ਬੁਨਿਆਦੀ ਢਾਂਚੇ ਬਾਰੇ ਕਾਨਫਰੰਸ 2025 'ਚ ਅਫ਼ਰੀਕੀ ਯੂਨੀਅਨ ਦੇ ਸ਼ਾਮਲ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ ਏ।
- ਸਰਹੱਦੀ ਸੁਰੱਖਿਆ ਬਲ (BSF) ਨੇ ਪੰਜਾਬ ਪੁਲਿਸ ਨਾਲ ਕੀਤੇ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਅੰਮ੍ਰਿਤਸਰ ਵਿਚ ਤਿੰਨ ਵਿਅਕਤੀਆਂ ਨੂੰ ਅਸਲੇ ਸਮੇਤ ਗ੍ਰਿਫ਼ਤਾਰ ਕੀਤਾ ਏ।
- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇਪਟਿਆਲਾ ਸਮਾਣਾ ਰੋਡ ਵਿਖੇ 7 ਮਈ ਨੂੰ ਹੋਏ ਸਕੂਲ ਵੈਨ ਹਾਦਸੇ ਚ ਮਾਰੇ ਗਏ ਬੱਚਿਆਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਹਾਦਸੇ ਦੇ ਹਰ ਇੱਕ ਦੋਸ਼ੀ ਨੂੰ ਸਜ਼ਾ ਦਿੱਤੇ ਜਾਣ ਦਾ ਭਰੋਸਾ ਦਵਾਇਆ।

- ਪਠਾਨਕੋਟ ਅਤੇ ਗੁਰਦਾਸਪੁਰ ਵਿਖੇ ਹੋਏ ਵਖ – ਵਖ ਸੜ੍ਹਕ ਹਾਦਸਿਆਂ 'ਚ 3 ਲੋਕ ਮਾਰੇ ਗਏ ਨੇ ।
- ਕੁਰਬਾਨੀ ਦਾ ਤਿਉਹਾਰ, ਈਦ-ਉਲ-ਅਜ਼ਹਾ ਅੱਜ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਧਾਰਮਿਕ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਜਾ ਰਿਹਾ ਏ।

------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਆਫਤਾਂ ਸਮੇਂ ਲਚਕੀਲੇ ਬੁਨਿਆਦੀ ਢਾਂਚੇ CDRI ਬਾਰੇ ਕਾਨਫਰੰਸ 2025 'ਚ ਅਫ਼ਰੀਕੀ ਯੂਨੀਅਨ ਦੇ ਸ਼ਾਮਲ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ। ਇਸ ਕਾਨਫਰੰਸ ਨੂੰ ਇੱਕ ਵੀਡੀਓ ਸੰਦੇਸ਼ ਰਾਹੀਂ ਸੰਬੋਧਨ ਕਰਦਿਆਂ, ਪ੍ਰਧਾਨ ਮੰਤਰੀ ਨੇ ਕਾਰਵਾਈਯੋਗ ਪ੍ਰੋਗਰਾਮਾਂ ਨੂੰ ਡਿਜ਼ਾਈਨ ਕਰਨ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਮਾਲੀਏ ਤੱਕ ਪਹੁੰਚ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਨੇ ਛੋਟੇ ਟਾਪੂ ਵਿਕਾਸਸ਼ੀਲ ਦੇਸ਼ਾਂ ਨੂੰ ਉਨ੍ਹਾਂ ਦੇ ਛੋਟੇ ਹੋਣ ਕਾਰਣ ਕਮਜ਼ੋਰ ਹੋਣ ਕਰਕੇ ਓਹਨਾਂ ਨੂੰ ਵੱਡੇ ਸਮੁੰਦਰੀ ਦੇਸ਼ਾਂ ਵਜੋਂ ਵਿਚਾਰਨ 'ਤੇ ਜ਼ੋਰ ਦਿੱਤਾ ਕਿਉਂਕਿ ਉਹ ਵਿਸ਼ੇਸ਼ ਧਿਆਨ ਦੇ ਹੱਕਦਾਰ ਨੇ.

**BYTE -**

ਸ਼੍ਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਸ਼ੁਰੂਆਤੀ ਚੇਤਾਵਨੀ ਪ੍ਰਣਾਲੀਆਂ ਅਤੇ ਤਾਲਮੇਲ ਨੂੰ ਮਜ਼ਬੂਤ ਕਰਨਾ ਬੇਹਦ ਜ਼ਰੂਰੀ ਏ ਕਿਉਂਕਿ ਇਹ ਸਮੇਂ ਸਿਰ ਫੈਸਲਿਆਂ ਅਤੇ ਪ੍ਰਭਾਵਸ਼ਾਲੀ ਸੰਚਾਰ ਵਿੱਚ ਮਦਦ ਕਰਦਾ ਏ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਸ ਕਾਨਫਰੰਸ ਵਿੱਚ ਹੋਣ ਵਾਲੀ ਚਰਚਾ ਇਨ੍ਹਾਂ ਪਹਿਲੂਆਂ 'ਤੇ ਵਿਚਾਰ ਕਰੇਗੀ। ਪ੍ਰਧਾਨ ਮੰਤਰੀ ਮੋਦੀ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ MACRON ਦਾ ਉਨ੍ਹਾਂ ਦੀ ਹਮਾਇਤ ਲਈ ਧੰਨਵਾਦ ਵੀ ਕੀਤਾ। ਇਹ ਕਾਨਫਰੰਸ ਪਹਿਲੀ ਵਾਰ ਫਰਾਂਸ ਵਿੱਚ ਹੋ ਰਹੀ ਏ.

---------------------------------------------------------

ਭਾਰਤ ਵਿੱਚ, ਸੇਵਾ, ਸੁਸ਼ਾਸਨ ਅਤੇ ਗਰੀਬਾਂ ਦੀ ਭਲਾਈ ਦੇ ਸਿਧਾਂਤਾਂ ਸਦਕਾ, ਇੱਕ ਦਹਾਕੇ ਵਿੱਚ ਸ਼ਾਨਦਾਰ ਤਬਦੀਲੀ ਆਈ ਏ। ਪਿਛਲੇ 11 ਸਾਲਾਂ ਵਿੱਚ ਮੁੱਖ ਖੇਤਰਾਂ ਵਿੱਚ ਸਰਕਾਰ ਦੇ ਉਪਰਾਲਿਆਂ ਬਾਰੇ ਆਕਾਸ਼ਵਾਣੀ ਖਬਰਾਂ ਵਲੋਂ ਇੱਕ ਵਿਸ਼ੇਸ਼ ਲੜੀ ਪੇਸ਼ ਕੀਤੀ ਜਾ ਰਹੀ

ਏ। ਅੱਜ, ਅਸੀਂ ਚੁਗਿਰਦੇ ਦੀ ਸਾਂਭ- ਸੰਭਾਲ ਅਤੇ ਵਿਕਾਸ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ।

*ਪਿਛਲੇ ਦਹਾਕੇ ਦੌਰਾਨ, ਭਾਰਤ ਨੇ ਇੱਕ ਅਜਿਹਾ ਵਿਕਾਸ ਮਾਡਲ ਅਪਣਾਇਆ ਏ, ਜੋ ਚੁਗਿਰਦੇ ਦੀ ਸੰਭਾਲ ਨੂੰ ਸਮਾਵੇਸ਼ੀ ਵਿਕਾਸ ਨਾਲ ਜੋੜਦਾ ਏ। ਦਰਿਆਵਾਂ ਨੂੰ ਮੁੜ ਸੁਰਜੀਤ ਕਰਨ ਤੋਂ ਲੈ ਕੇ Ecosysyem ਨੂੰ ਬਹਾਲ ਕਰਨ ਅਤੇ ਚੁਗਿਰਦੇ ਪ੍ਰਤੀ ਸੁਖਾਵਾਂ ਬੁਨਿਆਦੀ ਢਾਂਚਾ ਬਣਾਉਣ ਤੱਕ, ਦੇਸ਼ ਨੇ ਸੰਵੇਦਨਸ਼ੀਲਤਾ ਨਾਲ ਚੁਗਿਰਦੇ ਦੀ ਸਾਂਭ-ਸੰਭਾਲ ਪ੍ਰਤੀ ਇੱਕ ਮਜ਼ਬੂਤ ਵਚਨਬੱਧਤਾ ਦਾ ਵਿਖਾਲਾ ਕੀਤਾ ਏ। ਨਮਾਮੀ ਗੰਗੇ ਮਿਸ਼ਨ ਦੁਨੀਆ ਦੇ ਸਭ ਤੋਂ ਵੱਡੇ ਦਰਿਆ ਨੂੰ ਮੁੜ- ਸੁਰਜੀਤ ਕਰਨ ਵਾਲੇ ਪ੍ਰੋਗਰਾਮਾਂ ਵਿੱਚੋਂ ਇੱਕ ਏ। ਇਸ ਰਾਹੀਂ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ ਏ, ਜੈਵ-ਭਿੰਨਤਾ ਵਧੀ ਏ ਅਤੇ ਗੰਗਾ ਦੀ ਮੁੜ - ਸੁਰਜੀਤੀ ਲਈ ਸਥਾਨਕ ਲੋਕਾਂ ਨੇ ਵੀ ਉਤਸ਼ਾਹ ਨਾਲ ਆਪਣੀ ਹਿੱਸੇਦਾਰੀ ਪਾਈ ਏ । ਇਸ ਤੋਂ ਇਲਾਵਾ, ਸਵੱਛ ਭਾਰਤ ਮਿਸ਼ਨ ਅਤੇ ਗੋਬਰਧਨ ਯੋਜਨਾ ਨੇ ਖਾਸ ਕਰਕੇ ਪੇਂਡੂ ਇਲਾਕਿਆਂ ਵਿੱਚ, ਸਾਫ਼ - ਸਫਾਈ ਅਤੇ ਰਹਿੰਦ-ਖੂੰਹਦ ਦੇ ਨਿਪਟਾਰੇ ਦੀ ਵੀ ਕਾਇਆ ਪਲਟ ਕੀਤੀ ਏ."ਏਕ ਪੇੜ ਮਾਂ ਕੇ ਨਾਮ" ਵਰਗੀਆਂ ਮੁਹਿੰਮਾਂ ਨੂੰ ਵੀ ਨਾਗਰਿਕਾਂ ਦੀ ਹਮਾਇਤ ਮਿਲੀ ਏ. ਦੇਸ਼ ਭਰ ਵਿੱਚ, 142 ਕਰੋੜ ਤੋਂ ਵੱਧ ਬੂਟੇ ਲਾਏ ਗਏ ਨੇ, ਜੋ ਕਾਰਬਨ ਸੋਖਣ ਅਤੇ ਚੁਗਿਰਦੇ ਦੀ ਬਹਾਲੀ ਵਿੱਚ ਯੋਗਦਾਨ ਪਾਉਂਦੇ ਨੇ।ਭਾਰਤ ਨੇ ਜੰਗਲੀ ਜੀਵਾਂ ਦੀ ਸਾਂਭ-ਸੰਭਾਲ ਵਿੱਚ ਵੀ ਮਹੱਤਵਪੂਰਨ ਤਰੱਕੀ ਕੀਤੀ ਏ। Project Cheetah, Project Lion ਅਤੇ ਵਧਾਏ ਗਏ Project Tiger ਵਰਗੀਆਂ ਪਹਿਲਕਦਮੀਆਂ, ਵਸੋਂ ਦੇ ਵਿਕਾਸ ਅਤੇ ਅਤੇ ਜੋਖਮ ਦਾ ਸਾਹਮਣਾ ਕਰ ਰਹੀਆਂ ਪ੍ਰਜਾਤੀਆਂ ਦੀ ਸਥਿਤੀ ਬਿਹਤਰ ਕਰਨ 'ਤੇ*

*ਕੇਂਦ੍ਰਿਤ ਨੇ। ਭਾਰਤ ਵਿੱਚ ਇਸ ਵੇਲੇ, 91 ਰਾਮਸਰ ਸਥਾਨ ਨੇ, ਜੋ ਕਿ ਏਸ਼ੀਆ ਵਿੱਚ ਸਭ ਤੋਂ ਵੱਧ ਨੇ. ਨਵੇਂ ਸ਼ਾਮਿਲ ਕੀਤੇ ਗਏ ਰਾਮਸਰ ਸਥਾਨ - ਰਾਜਸਥਾਨ ਦੇ Phalodi ਵਿੱਚ Khichan ਅਤੇ ਉਦੈਪੁਰ ਵਿੱਚ Menar, ਮਹੱਤਵਪੂਰਨ ਜਲਗਾਹਾਂ ਦੀ ਰੱਖਿਆ ਲਈ, ਦੇਸ਼ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਨੇ।ਭਾਰਤ ਦੀ ਚੁਗਿਰਦੇ ਪਖੀ ਤਬਦੀਲੀ ਸਿਰਫ਼ ਇੱਕ ਨੀਤਿਗਤ ਪਹਿਲ ਨਹੀਂ ਸਗੋਂ ਇਹ ਇੱਕ ਲੋਕ ਲਹਿਰ, ਧਰਤੀ ਪ੍ਰਤੀ ਜ਼ਿੰਮੇਵਾਰੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਨਾਲ ਕੀਤਾ ਇੱਕ ਵਾਅਦਾ ਏ। ਬਿਊਰੋ ਰਿਪੋਰਟ ਨਾਲ ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਕਾਜਲ*

-----------------------------------------------------------

ਸਰਹੱਦੀ ਸੁਰੱਖਿਆ ਬਲ (BSF) ਨੇ ਅੰਮ੍ਰਿਤਸਰ ਸਥਿਤ ਪੰਜਾਬ ਪੁਲਿਸ ਦੀ ਐਂਟੀ-ਨਾਰਕੋਟਿਕਸ ਟਾਸਕ ਫੋਰਸ (ANTF) ਨਾਲ ਇੱਕ ਸੁਚੱਜੇ ਤਾਲਮੇਲ ਵਾਲੇ ਸਾਂਝੇ ਆਪ੍ਰੇਸ਼ਨ ਵਿੱਚ ਬੀਤੀ ਰਾਤ ਅੰਮ੍ਰਿਤਸਰ ਦੇ ਖਾਲਸਾ ਕਾਲਜ ਨੇੜੇ ਤਿੰਨ ਵਿਅਕਤੀਆਂ ਨੂੰ 6 ਵਿਦੇਸ਼ੀ ਆਧੁਨਿਕ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਏ। ਪੰਜਾਬ ਪੁਲਿਸ ਦੇ ਹਲਕਿਆਂ ਨੇ ਜਾਣਕਾਰੀ ਦਿੱਤੀ ਏ ਕਿ ਇਹ ਤਿੰਨੋਂ ਇੱਕ ਕੈਦੀ ਜੁਗਰਾਜ ਸਿੰਘ ਦੇ ਸਾਥੀ ਨੇ ਜੋ ਇਸ ਸਮੇਂ ਗੋਇੰਦਵਾਲ ਜੇਲ੍ਹ ਵਿੱਚ ਬੰਦ ਏ। ਉਹ ਆਪਣੇ ਵਕੀਲ ਦੇ ਮੁਨਸ਼ੀ ਰਾਹੀਂ ਇਸ ਰੈਕੇਟ ਨੂੰ ਚਲਾਉਂਦਾ ਸੀ। ਇਹ ਹਥਿਆਰ

ਸਰਹੱਦ ਪਾਰ ਤੋਂ ਤਸਕਰੀ ਕੀਤੇ ਗਏ ਸਨ। ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਏ ਅਤੇ ਪੂਰੇ ਨੈੱਟਵਰਕ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਏ।

-----------------------------------------------------------

ਪੰਜਾਬ ਸਰਕਾਰ ਨੇ ਮੌਜੂਦਾ ਮਾਲੀ ਸਾਲ ਦੌਰਾਨ ਅਸ਼ੀਰਵਾਦ ਯੋਜਨਾ ਤਹਿਤ 16 ਕਰੋੜ ਰੁਪਏ ਜਾਰੀ ਕੀਤੀ ਨੇ । ਇਸ ਬਾਰੇ ਸੂਬੇ ਦੇ ਸਮਾਜਿਕ ਨਿਆਂ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਸਾਲ 18 ਜ਼ਿਲ੍ਹਿਆਂ ਵਿੱਚ ਪੱਛੜੇ ਵਰਗਾਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ 3 ਹਜ਼ਾਰ 207 ਲਾਭਪਾਤਰੀਆਂ ਨੂੰ ਸਰਕਾਰ ਨੇ 16 ਕਰੋੜ 36 ਲੱਖ ਰੁਪਏ ਦੀ ਮਾਲੀ ਸਹਾਇਤਾ ਮਨਜ਼ੂਰ ਕੀਤੀ ਏ । ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਰਾਜ ਸਰਕਾਰ ਘੱਟ ਆਮਦਨ ਵਾਲੇ ਪਰਿਵਾਰਾਂ ਦੀਆਂ ਕੁੜੀਆਂ ਦੇ ਵਿਆਹ ਲਈ ₹51 ਹਜ਼ਾਰ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਏ। ਮੰਤਰੀ ਨੇ ਕਿਹਾ ਕਿ ਵਿੱਤੀ ਸਹਾਇਤਾ ਸਿੱਧੇ ਲਾਭਪਾਤਰੀਆਂ ਦੇ ਬੈਂਕ ਖਾਤਿਆਂ

ਵਿੱਚ ਸਿੱਧੀ ਵੰਡ ਕੀਤੀ ਜਾਂਦੀ ਹੈ, ਜਿਸ ਨਾਲ ਪਾਰਦਰਸ਼ਤਾ ਤੇ ਕੁਸ਼ਲਤਾ ਯਕੀਨੀ ਬਣਾਈ ਜਾਂਦੀ ਏ।

-----------------------------------------------------

ਚੋਣ ਕਮਿਸ਼ਨ ਦੇ ਹੁਕਮਾਂ ਦੀ ਪਾਲਣਾ ਕਰਦਿਆਂ, ਆਮਦਨ ਟੈਕਸ ਵਿਭਾਗ ਦੇ ਜਾਂਚ ਬਾਰੇ ਡਾਇਰੈਕਟੋਰੇਟ ਨੇ ਲੁਧਿਆਣਾ ਵਿਧਾਨ ਸਭਾ ਦੀ ਆਉਣ ਵਾਲੀ ਜ਼ਿਮਨੀ-ਚੋਣ ਵਿੱਚ ਕਾਲੇ ਧਨ ਦੀ ਵਰਤੋਂ ਨੂੰ ਰੋਕਣ ਲਈ ਵਿਆਪਕ ਪ੍ਰਬੰਧ ਕੀਤੇ ਨੇ. ਆਮਦਨ ਟੈਕਸ ਹਲਕਿਆਂ ਨੇ ਆਕਾਸ਼ਵਾਣੀ ਖਬਰਾਂ ਜਲੰਧਰ ਨੂੰ ਦੱਸਿਆ ਕਿ ਇਸ ਸਬੰਧ ਵਿੱਚ ਜਾਣਕਾਰੀ ਤੇ ਸ਼ਿਕਾਇਤਾਂ ਪ੍ਰਾਪਤ ਕਰਨ ਲਈ ਆਮਦਨ ਟੈਕਸ ਦੇ ਦਫ਼ਤਰ, ਜਲੰਧਰ ਵਿਖੇ ਟੋਲ-ਫ੍ਰੀ ਨੰਬਰ 1800-180-2141 ਅਤੇ ਵਟਸਐਪ ਨੰਬਰ 75 89 16 67 13 ਨਾਲ ਚੌਵੀ ਘੰਟੇ ਚਲਣ ਵਾਲਾ ਇੱਕ ਕੰਟਰੋਲ ਰੂਮ ਕਾਇਮ ਕੀਤਾ ਗਿਆ ਏ। ਲੋਕ ਇਸ ਨੰਬਰ 'ਤੇ ਕਾਲ ਕਰ ਸਕਦੇ ਨੇ ਅਤੇ ਚੋਣ ਪ੍ਰਕਿਰਿਆ ਨੂੰ ਬੇਲੋੜੇ ਪ੍ਰਭਾਵਤ ਕਰਨ ਲਈ ਵਰਤੇ ਜਾਣ ਵਾਲੇ ਸ਼ੱਕੀ ਨਕਦੀ ਜਾਂ ਹੋਰ ਕੀਮਤੀ ਵਸਤੂਆਂ ਨਾਲ ਸਬੰਧਤ

ਖਾਸ ਜਾਣਕਾਰੀ ਦੇ ਸਕਦੇ ਨੇ । ਕਾਲ ਕਰਨ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ।

---------------------------------------------------------------

ਪਟਿਆਲਾ ਸਮਾਣਾ ਰੋਡ ਵਿਖੇ 7 ਮਈ ਨੂੰ ਹੋਏ ਸਕੂਲ ਵੈਨ ਹਾਦਸੇ ਚ ਮਾਰੇ ਗਏ ਬੱਚਿਆਂ ਦੇ ਧਰਨੇ ‘ਤੇ ਬੈਠੇ ਪਰਿਵਾਰਾਂ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਮਾਣਾ ਪਹੁੰਚ ਕੇ ਮੁਲਾਕਾਤ ਕੀਤੀ ਅਤੇ ਭਰੋਸਾ ਦਵਾਇਆ ਕਿ ਹਾਦਸੇ ਦੇ ਹਰ ਇੱਕ ਦੋਸ਼ੀ ਨੂੰ ਸਜ਼ਾ ਦਿੱਤੀ ਜਾਵੇਗੀ। ਸਮਾਣਾ ਦੇ ਗੈਸਟ ਹਾਊਸ ਵਿਖੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਤੋਂ ਬਾਅਦ ਮੁਖਮੰਤਰੀ ਮਾਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆ ਖਿਆ ਕਿ

ਓਹਨਾ ਨੇ ਪਰਿਵਾਰਾਂ ਨੂੰ ਭਰੋਸਾ ਦਿੱਤਾ ਏ ਕਿ ਉਹ ਖੁਦ ਇਹਨਾਂ ਪਰਿਵਾ ਰਾਂ ਨਾਲ ਖੜੇ ਰਹਿਕੇ ਇਨਸਾਫ਼

ਦਵਾਉਣਗੇ। ਇਸ ਮੌਕੇ ਓਹਨਾਂਦੱਸਿਆ ਕਿ ਪਟਿਆਲਾ ਦੇ ਪਸਿਆਣਾ ਤੋਂ ਪਾਤੜਾਂ ਤੱਕ ਸੜਕ ਨੂੰ ਚਾਰ ਲੇਨ ਬਣਾਇਆ ਜਾਵੇਗਾ, ਸਮਾਣਾ ਹਲਕੇ

ਦੇ ਲੋਕਾਂ ਨੂੰ 7 ਐਂਬੂਲੈਂਸਾਂ ਭੇਂਟ ਕੀਤੀਆਂ ਜਾਣਗੀਆਂ. ਇਹਨਾਂ 7 ਬੱਚਿਆਂ ਜਿਹਨਾਂ ਨੇ ਇਸ ਹਾਦਸੇ ਚ ਜਾਨਾਂ ਗਵਾਈਆਂ ਨੇ, ਦੀ ਯਾਦ ਚ ਸਮਾਣਾ ਦੇ ਹਸਪਤਾਲ ਨੂੰ ਅਪਗ੍ਰੇਡ ਕੀਤਾ ਜਾਵੇਗਾ ਅਤੇ ਇੱਕ ਚਿਲਡਰਨ ਮੈਮੋਰੀਅਲ ਪਾਰਕ ਅਤੇ ਇੱਕ ਟਰੱਸਟ ਬਣਾਇਆ ਜਾਵੇਗਾ ਜਿਸ ਰਾਹੀਂ ਲੋੜਵੰਦ ਬੱਚਿਆਂ ਦੀ ਮਦਦ ਕੀਤੀ ਜਾਵੇਗੀ।

---------------------------------------------------

ਪਠਾਨਕੋਟ ਵਿੱਚ, ਮਲਿਕਪੁਰ ਚੌਕ ਨੇੜੇ ਬੱਸ ਅਤੇ ਕਾਰ ਵਿਚਕਾਰ ਟੱਕਰ ਹੋਣ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਏ। ਅੱਜ ਹੋਏ ਇਸ ਹਾਦਸੇ ਵਿਚ ਕਾਰ'ਚ ਸਵਾਰ ਇੱਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਦੂਜੇ ਵਿਅਕਤੀ ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋਈ। ਦੋਵੇਂ ਮ੍ਰਿਤਕ ਗੁਰਦਾਸਪੁਰ ਦੇ ਪਿੰਡ ਕੁੱਲਾ ਦੇ ਰਹਿਣ ਵਾਲੇ ਨੇ। ਓਧਰ ਬੀਤੀ ਰਾਤ ਗੁਰਦਾਸਪੁਰ ਦੇ ਪਿੰਡ ਮੰਗਲ ਹੂਸੈਨ ਨੇੜੇ ਦੋ ਨੌਜਵਾਨਾਂ ਨੇ ਰੋਡ ਤੇ ਖੜ੍ਹੇ ਇੱਕ ਟਰੱਕ ਵਿਚ ਕਾਰ ਨਾਲ ਟੱਕਰ ਮਾਰ ਦਿੱਤੀ, ਜਿਸ ਨਾਲ ਕਾਰ ਸਵਾਰ ਇੱਕ ਨੌਜਵਾਨ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ ਇੱਕ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ। ਦੱਸਿਆ ਜਾ ਰਿਹਾ

ਏ ਕਿ, ਕਾਰ ਵਿੱਚ ਪੰਜਾਬ ਪੁਲਿਸ ਦੀ ਇੱਕ ਵਰਦੀ ਅਤੇ ਨਸ਼ੇ ਨਾਲ ਸੰਬੰਧਿਤ ਸਮਗਰੀ ਮਿਲੀ ਏ। ਟਰੱਕ ਡਰਾਈਵਰ ਦਾ ਕਹਿਣਾ ਏ ਕਿ ਨੌਜਵਾਨਾਂ ਨੇ ਨਸ਼ਾ ਕੀਤਾ ਹੋਇਆ ਸੀ। ਪੁਲਿਸ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਏ।

---------------------------------------------------

ਭਾਰਤ ਇਸ ਸਾਲ 10ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾ ਰਿਹਾ ਏ, ਇਹ ਯੋਗ ਦਿਵਸ 21 ਜੂਨ ਨੂੰ ਮਨਾਇਆ ਜਾਂਦਾ ਏ. ਇਸ ਸਾਲ ਵੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਯੋਗ ਦਿਵਸ ‘ਤੇ ਰਾਸ਼ਟਰ ਦੀ ਅਗਵਾਈ ਕਰਨਗੇ.ਸਾਡੇ ਜੀਵਨ ਵਿਚ ਯੋਗ ਦਾ ਮਹੱਤਵ ਅਤੇ ਇਹ ਕਿਸ ਤਰ੍ਹਾਂ ਸਾਨੂੰ ਬਿਮਾਰੀਆਂ ਤੋਂ ਦੂਰ ਕਰਕੇ ਸੇਹਤਮੰਦ ਬਣਾਉਂਦਾ ਏ, ਇਸ ਬਾਰੇ ਆਕਾਸ਼ਵਾਣੀ ਜਲੰਧਰ ਦੇ ਸਮੁਚੇ ਨੈਟਵਰਕ ਤੇ ਅੱਜ ਰਾਤ 8 ਵਜੇ ਆਕਾਸ਼ਵਾਣੀ ਖ਼ਬਰਾਂ ਵਲੋਂ ਜਲੰਧਰ ਸਥਿਤ ਪੰਜਾਬ ਮੈਡੀਕਲ ਸਾਇੰਸ ਸੰਸਥਾਨ (ਪਿਮਸ) ਦੇ ਯੋਗ ਮਾਹਿਰ ਵਿਜੇਲਕਸ਼ਮੀ ਨਾਲ ਵਿਸ਼ੇਸ਼ ਗੱਲਬਾਤ ਪ੍ਰਸਾਰਿਤ ਕੀਤੀ ਜਾਵੇਗੀ .

---------------------------------------------------------------

ਕੁਰਬਾਨੀ ਦਾ ਤਿਉਹਾਰ, ਈਦ-ਉਲ-ਅਜ਼ਹਾ ਅੱਜ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਧਾਰਮਿਕ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਜਾ ਰਿਹਾ ਏ । ਸ਼ਰਧਾਲੂਆਂ ਨੇ ਅੱਜ ਸਵੇਰੇ ਈਦਗਾਹਾਂ ਅਤੇ ਮਸਜਿਦਾਂ ਵਿੱਚ ਈਦ ਦੀ ਨਮਾਜ਼ ਅਦਾ ਕੀਤੀ। ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਈਦ-ਉਜ਼-ਅਜ਼ਾਹ ਦੇ ਮੌਕੇ 'ਤੇ ਦੇਸ਼ ਨੂੰ ਵਧਾਈ ਦਿੱਤੀ ਏ ।

---------------------------------------------------------------

ਇਸ ਮੌਕੇ ਸੂਬੇ ਦੇ  ਮੁਖ – ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਲੋਕਾਂ ਨੂੰ ਮੁਬਾਰਕ ਬਾਦ ਦਿੱਤੀ. ਓਹਨਾਂ ਉਮੀਦ ਜ਼ਾਹਿਰ ਕੀਤੀ ਕਿ ਆਪਸੀ ਭਾਈਚਾਰਕ ਸਾਂਝ ਬਣੀ ਰਹੇ ਅਤੇ ਇਸੇ ਤਰ੍ਹਾਂ ਰਲ ਮਿਲ ਕੇ ਤਿਉਹਾਰ ਮਨਾਏ ਜਾਂਦੇ ਰਹਿਣ.

---------------------------------------------------------------

ਕ੍ਰਿਸ਼ੀ ਵਿਗਆਨ ਕੇਂਦਰ, ਸ਼੍ਰੀ ਮੁਕਤਸਰ ਸਾਹਿਬ ਵੱਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ,  ਅਤੇ ਹੋਰ ਖੇਤੀਬਾੜੀ ਨਾਲ ਸਬੰਧਿਤ ਹੋਰ

ਮਹਿਕਮਿਆਂ ਦੇ ਸਹਿਯੋਗ ਨਾਲ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਵਖ – ਵਖ ਪਿੰਡਾਂ ਵਿਖੇ ਗਪੀਵਿਧੀਆਂ ਕਰਾਈਆਂ ਗਈਆ।

------------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਆਫਤਾਂ ਸਮੇਂ ਲਚਕੀਲੇ ਬੁਨਿਆਦੀ ਢਾਂਚੇ ਬਾਰੇ ਕਾਨਫਰੰਸ 2025 ‘ਚ ਅਫ਼ਰੀਕੀ ਯੂਨੀਅਨ ਦੇ ਸ਼ਾਮਲ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ ਏ ।
- ਸਰਹੱਦੀ ਸੁਰੱਖਿਆ ਬਲ (BSF) ਨੇ ਪੰਜਾਬ ਪੁਲਿਸ ਨਾਲ ਕੀਤੇ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਅੰਮ੍ਰਿਤਸਰ ਵਿਚ ਤਿੰਨ ਵਿਅਕਤੀਆਂ ਨੂੰ ਅਸਲੇ ਸਮੇਤ ਗ੍ਰਿਫ਼ਤਾਰ ਕੀਤਾ ਏ ।
- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇਪਟਿਆਲਾ ਸਮਾਣਾ ਰੋਡ ਵਿਖੇ 7 ਮਈ ਨੂੰ ਹੋਏ ਸਕੂਲ ਵੈਨ ਹਾਦਸੇ ਚ ਮਾਰੇ ਗਏ ਬੱਚਿਆਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਹਾਦਸੇ ਦੇ ਹਰ ਇੱਕ ਦੋਸ਼ੀ ਨੂੰ ਸਜ਼ਾ ਦਿੱਤੇ ਜਾਣ ਦਾ ਭਰੋਸਾ ਦਵਾਇਆ ।

- ਪਠਾਨਕੋਟ ਅਤੇ ਗੁਰਦਾਸਪੁਰ ਵਿਖੇ ਹੋਏ ਵਖ – ਵਖ ਸੜ੍ਹਕ ਹਾਦਸਿਆਂ ‘ਚ 3 ਲੋਕ ਮਾਰੇ ਗਏ ਨੇ ।
- ਕੁਰਬਾਨੀ ਦਾ ਤਿਉਹਾਰ, ਈਦ-ਉਲ-ਅਜ਼ਹਾ ਅੱਜ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਧਾਰਮਿਕ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਜਾ ਰਿਹਾ ਏ।